# ਪੰਜਾਬ ਸਕੂਲ ਸਿੱਖਿਆ ਬੋਰਡ

## ਸਰਕੂਲਰ (Circular)

CircularNo. 06/ਅਕਾਦਮਿਕ  Date 30/12/2021

1. ਸਮੂਹ ਸਰਕਾਰੀ/ਐਫੀਲੀਏਟਿਡ/ਏਡਿਡ/ਐਸੋਸੀਏਟਿਡ/ਮਾਨਤਾ ਪ੍ਰਾਪਤ ਸਕੂਲ ਮੁੱਖੀ, ਸਬੰਧਤ ਵਿਦਿਆਰਥੀ
2. ਸਮੂਹ ਜਿਲ੍ਹਾ ਮੈਨੇਜਰ, ਖੇਤਰੀ ਦਫ਼ਤਰ (ਪਸਸਬ)
3. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ

**ਅਕਾਦਮਿਕ ਸਾਲ 2021-22 ਲਈ ਬੋਰਡ ਸ਼੍ਰੇਣੀਆਂ (ਪੰਜਵੀਂ, ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ) ਲਈ ਪ੍ਰੀਖਿਆ ਮੁਲਾਂਕਣ ਨੀਤੀ ਸਬੰਧੀ ਬੋਰਡ ਵੱਲੋਂ ਜਾਰੀ ਕੀਤਾ ਸਰਕੂਲਰ ਨੰ. 03/ਅਕਾਦਮਿਕ ਮਿਤੀ 23-09-21 ਦੀ ਲਗਾਤਾਰਤਾ ਵਿੱਚ ਹੇਠ ਦਰਜ਼ ਹਦਾਇਤਾਂ ਬਾਰੇ ਸੂਚਿਤ ਕੀਤਾ ਜਾਂਦਾ ਹੈ।**

1. ਪੰਜਵੀਂ, ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਲਈ ਟਰਮ-2 ਪ੍ਰੀਖਿਆ ਨਿਰਧਾਰਿਤ ਵਿਸ਼ਾਵਾਰ 50% ਪਾਠਕ੍ਰਮ ਵਿੱਚੋਂ ਓਬਜੈਕਟਿਵ/ਸਬਜੈਕਟਿਵ ਰੂਪ ਵਿੱਚ ਕਰਵਾਈ ਜਾਵੇਗੀ।
2. ਟਰਮ-2 ਦੀ ਪ੍ਰੀਖਿਆ ਵਿੱਚ ਮੁੱਖ ਵਿਸ਼ਿਆਂ ਦੇ ਨਾਲ-ਨਾਲ ਗਰੇਡਿੰਗ ਵਾਲੇ ਵਿਸ਼ਿਆਂ ਦੀ ਪ੍ਰੀਖਿਆ ਵੀ ਲਈ ਜਾਵੇਗੀ। ਗ੍ਰੇਡਿੰਗ ਵਾਲੇ ਵਿਸ਼ਿਆਂ ਦੀ ਪ੍ਰੀਖਿਆ ਪੂਰੇ ਪਾਠਕ੍ਰਮ ਵਿੱਚੋਂ ਲਈ ਜਾਵੇਗੀ। ਇਸ ਸਬੰਧੀ ਪ੍ਰਸ਼ਨ ਪੱਤਰ ਅਤੇ ਅੰਕ ਵੰਡ ਬੋਰਡ ਦੀ ਵੈੱਬ ਸਾਈਟ ਤੇ ਉਪਲੱਬਧ ਕਰਵਾ ਦਿੱਤੇ ਜਾਣਗੇ।
3. ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਲਈ ਪ੍ਰਯੋਗੀ ਪ੍ਰੀਖਿਆ (ਜਿਸ ਵਿਸ਼ੇ ਵਿੱਚ ਹੋਵੇ) ਸਬੰਧਤ ਵਿਸ਼ੇ ਲਈ ਨਿਰਧਾਰਿਤ ਪ੍ਰਯੋਗੀ ਪਾਠਕ੍ਰਮ ਵਿੱਚੋਂ ਲਈ ਜਾਵੇਗੀ।
4. ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਦੇ ਵਿਲੱਖਣ ਸਮਰੱਥਾ ਵਾਲੇ ਪ੍ਰੀਖਿਆਰਥੀਆਂ ਨੂੰ ਬੋਰਡ ਪ੍ਰੀਖਿਆ ਤੋਂ ਛੋਟ ਹੈ ਪਰੰਤੂ ਸਬੰਧਤ ਸਕੂਲਾਂ ਵੱਲੋਂ ਆਪਣੇ ਪੱਧਰ ਤੇ ਇਹਨਾਂ ਵਿਦਿਆਰਥੀਆਂ ਦੀ ਪ੍ਰੀਖਿਆ ਲੈਂਦੇ ਹੋਏ ਇਹਨਾਂ ਪ੍ਰੀਖਿਆਰਥੀਆਂ ਦੇ ਅੰਕ ਬੋਰਡ ਦਫਤਰ ਨੂੰ ਭੇਜੇ ਜਾਣ। ਇਸ ਸਬੰਧੀ ਪ੍ਰੀਖਿਆ ਨਾਲ ਸਬੰਧਤ ਰਿਕਾਰਡ ਸਕੂਲ ਪੱਧਰ ਤੇ ਰੱਖਿਆ ਜਾਵੇ।
5. ਦਸਵੀਂ ਅਤੇ ਬਾਰ੍ਹਵੀਂ ਦੇ ਵਿਲੱਖਣ ਸਮਰੱਥਾ ਵਾਲੇ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਬੋਰਡ ਵੱਲੋਂ ਲਈ ਜਾਵੇਗੀ। ਇਹ ਪ੍ਰੀਖਿਆ ਬੋਰਡ ਦੀ ਵੈੱਬ ਸਾਈਟ ਤੇ ਇਹਨਾਂ ਪ੍ਰੀਖਿਆਰਥੀ ਲਈ ਉਪਲੱਬਧ ਕੀਤੇ ਜਾਣ ਵਾਲੇ ਪ੍ਰਸ਼ਨ ਪੱਤਰ ਦੀ ਬਣਤਰ ਅਤੇ ਅੰਕ ਵੰਡ ਅਨੁਸਾਰ ਹੋਵੇਗੀ।
6. ਓਪਨ ਸਕੂਲ ਪ੍ਰਣਾਲੀ ਅਧੀਨ ਦਾਖਲ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਪੂਰੇ ਪਾਠਕ੍ਰਮ ਵਿੱਚੋਂ ਲਈ ਜਾਵੇਗੀ। ਇਹਨਾਂ ਪ੍ਰੀਖਿਆਰਥੀਆਂ ਲਈ ਪ੍ਰਸ਼ਨ ਪੱਤਰ ਦੀ ਬਣਤਰ ਅਤੇ ਅੰਕ ਵੰਡ ਬੋਰਡ ਦੀ ਵੈੱਬ ਸਾਈਟ ਤੇ ਉਪਲੱਬਧ ਹੋਵੇਗੀ।
7. ਕੋਵਿਡ-19 ਮਹਾਂਮਾਰੀ ਦੇ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਪ੍ਰੀਖਿਆ ਦੀ ਵਿਧੀ ਅਤੇ ਹੋਰ ਸਬੰਧਤ ਨੁਕਤਿਆਂ ਲਈ ਬੋਰਡ ਵੱਲੋਂ ਲਿਆ ਗਿਆ ਨਿਰਣਾ ਅੰਤਿਮ ਹੋਵੇਗਾ।
8. ਵਿਸ਼ਾਵਾਰ ਆਂਤਰਿਕ ਮੁਲਾਂਕਣ (INA) ਲਈ ਨਿਰਧਾਰਿਤ ਅੰਕ ਸ਼੍ਰੇਣੀਵਾਰ ਮਡਿਊਲ ਅਨੁਸਾਰ (ਬੋਰਡ ਦੀ ਵੈੱਬ ਸਾਈਟ ਤੇ ਉਪਲੱਬਧ) ਸਮੂਹ ਸਕੂਲਾਂ ਵੱਲੋਂ ਬੋਰਡ ਦਫਤਰ ਨੂੰ ਮੁਹੱਈਆ ਕਰਵਾਏ ਜਾਣੇ ਹਨ।

ਉਪ-ਸਕੱਤਰ (ਅਕਾਦਮਿਕ)